**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ**
**ਐਸ ਸੀ ਓ-104-106, ਸੈਕਟਰ- 34 A, ਚਡੀਗੜ੍ਹ**
**ਫੋਨ ਨੰ: 2623207,2621106,2624673,ਫੈਕਸ ਨੰ: 2624687,2323206**

ਵੱਲ

ਸਾਰੇ ਡੀ ਈ ਓ (ਸੈ ਸਿ)
ਪੰਜਾਬ

ਮੀਮੋ ਨੰ: 1/2-DM/ICT-2008-09/CW/ 63465
ਮਿਤੀ : 26 ਅਗਸਤ,2009

ਵਿਸ਼ਾ: ਕੰਪਿਊਟਰ ਟੀਚਰਾਂ ਨੂੰ ਪੜ੍ਹਾਉਣ ਤੋਂ ਇਲਾਵਾ ਹੋਰ ਡਿਊਟੀਆਂ ਲਈ ਤਾਇਨਾਤ ਕਰਨ ਬਾਰੇ ।

1. ਉਪਰੋਕਤ ਵਿਸ਼ੇ ਵੱਲ ਅਤੇ ਇਸ ਦਫਤਰ ਦੇ ਸਰਕੂਲਰ ਨੰ: 5/5-ICT-2006/Inst./4575-98 ਮਿਤੀ 27-04-2006 ਵਲ ਧਿਆਨ ਦੇਵੋ ਜੀ ।

2. ਇਹ ਪਤਾ ਲਗਾ ਹੈ ਕਿ ਕੰਪਿਊਟਰ ਟੀਚਰਾਂ ਨੂੰ, ਜਦੋਂ ਸਕੂਲ ਮੁੱਖੀ ਜਾਂ ਹੋਰ ਉਚ-ਅਧਿਕਾਰੀਆਂ ਵਲੋਂ, ਕੰਪਿਊਟਰ ਸਬੰਧੀ ਕੋਈ ਡਿਊਟੀ ਸੌਂਪੀ ਜਾਂਦੀ ਹੈ ਤਾਂ ਉਹ ਕਾਫੀ ਨਾਂਹ-ਨੁਕਰ ਅਤੇ ਰੋਸ਼ ਦਾ ਪ੍ਰਗਟਾਵਾ ਕਰਦੇ ਹਨ ਜੋ ਕਿ ਸਕੂਲ ਵਿਚ ਸੁਖਾਵਾ ਮਹੌਲ ਕਾਇਮ ਰਖਣ ਲਈ ਠੀਕ ਨਹੀਂ ਹੈ । ਸਾਡਾ ਵਿਚਾਰ ਹੈ ਕਿ ਕੰਪਿਊਟਰ ਟੀਚਰਾਂ ਦੀ ਮਹਾਰਤ ਨੂੰ ਸਕੂਲ ਜਾਂ ਵਿਭਾਗ ਦੇ ਕੰਮ ਲਈ ਇਸਤੇਮਾਲ ਕਰਨਾ ਅਯੋਗ ਨਹੀ ਹੈ । ਕੰਪਿਊਟਰ ਟੀਚਰਾਂ ਨੂੰ ਇਸ ਬਾਰੇ ਪੌਜ਼ਿਟਿਵ ਰਵੱਈਆ ਅਪਨਾਉਣਾ ਚਾਹੀਦਾ ਹੈ ਅਤੇ ਸਕੂਲ ਮੁੱਖੀ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ ।

3. ਉਪਰੋਕਤ ਦਲੀਲ ਦੇ ਮੱਦੇਨਜਰ, ਇਹ ਫੈਸਲਾ ਲਿਆ ਗਿਆ ਹੈ ਕਿ ਸਕੂਲ ਮੁੱਖੀ ਜਾਂ ਹੋਰ ਉਚ-ਅਧਿਕਾਰੀ, ਕੰਪਿਊਟਰ ਟੀਚਰਾਂ ਨੂੰ ਕੰਪਿਊਟਰ ਸਬੰਧੀ ਡਿਊਟੀਆਂ ਤੇ ਲਗਾ ਸਕਦੇ ਹਨ ਬ-ਸ਼ਰਤੇ ਇਹ ਡਿਊਟੀਆਂ ਉਹਨਾਂ ਦੇ ਪੜਾਉਣ ਦੇ ਕੰਮ ਵਿਚ ਵਿਘਨ ਨਾ ਬਣਦੀਆਂ ਹੋਣ। ਧਿਆਨ ਰਹੇ ਕਿ ਪੜਾਉਣ ਦੇ ਕੰਮ ਨੂੰ, ਹਰ ਹਾਲਤ ਵਿਚ ਪਹਿਲੀ ਤਰਜੀਹ ਦਿਤੀ ਜਾਵੇਗੀ ।

4. ਇਸ ਵਿਸ਼ੇ ਬਾਰੇ ਇਸ ਦਫਤਰ ਦਾ ਹਵਾਲੇ ਅਧੀਨ ਸਰਕੂਲਰ ਅਤੇ ਪਹਿਲੀਆਂ ਸਾਰੀਆਂ ਹਦਾਇਤਾਂ ਰੱਦ ਕੀਤੀਆਂ ਜਾਂਦੀਆਂ ਹਨ ।

**ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ**
**ਪੰਜਾਬ**